**ਡਾਇਰੈਕਟੋਰੇਟ**
**ਸਿਹਤ ਸੇਵਾਵਾ ਪਰਿਵਾਰ ਭਲਾਈ, ਪੰਜਾਬ**
**ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ**
**(ਅਮਲਾ-6 ਸ਼ਾਖਾ)**

**<u>ਜਨਤਕ ਸੂਚਨਾਂ</u>**

**ਨੰਬਰ:ਈ-6(1)-ਪੰਜਾਬ-2016/** 8375 **ਮਿਤੀ, ਚੰਡੀਗੜ੍ਹ:** 12-10-16

ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਚੱਲ ਰਹੇ ਡਾਇਲਿਸਿਜ਼ ਯੂਨਿਟਾਂ, ਕੀਮੋਥੈਰੇਪੀ ਯੂਨਿਟਾਂ ਅਤੇ Coronary Care & Stroke Units (CCSU) ਲਈ ਭਰਤੀ ਕੀਤੀਆਂ ਜਾਣ ਵਾਲੀਆਂ 167 ਅਸਾਮੀਆਂ ਵਿਚੋਂ ਵੱਖ-ਵੱਖ ਕੈਟਾਗਿਰੀਆਂ ਅਧੀਨ ਖਾਲੀ ਰਹੀਆਂ ਅਸਾਮੀਆਂ ਵਿੱਚ ਉਮੀਦਵਾਰ ਉਪਲਬੱਧ ਨਾ ਹੋਣ ਕਰਕੇ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵਲੋ ਲਈ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਉਮੀਦਵਾਰਾਂ ਨੂੰ ਮਿਤੀ 20-10-2016 ਨੂੰ ਸਵੇਰੇ 10.00 ਵਜੇ ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਪੰਜਾਬ, ਪਰਿਵਾਰ ਕਲਿਆਣ ਭਵਨ, ਪਲਾਟ ਨੰ: 5, ਸੈਕਟਰ-34/ਏ, ਚੰਡੀਗੜ੍ਹ ਵਿਖੇ ਬੁਲਾਉਣ ਦਾ ਫੈਸਲਾ ਲਿਆ ਗਿਆ ਹੈ:-

| ਲੜੀ ਨੰ: | ਕੈਟਾਗਰੀ ਜਿੰਨਾਂ ਵਿੱਚ ਯੋਗ ਉਮੀਦਵਾਰ ਨਾ ਮਿਲਣ ਕਾਰਨ ਅਸਾਮੀਆਂ ਖਾਲੀ ਰਹਿ ਗਈਆਂ ਹਨ | ਯੋਗ ਉਮੀਦਵਾਰ ਨਾ ਮਿਲਣ ਕਾਰਨ ਜਿਨਾਂ ਕੈਟਾਗਿਰੀਆਂ ਵਿਚੋ ਅਸਾਮੀਆਂ ਭਰੀਆਂ ਜਾਣੀਆਂ ਹਨ | ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵਲੋ ਲਏ ਲਿਖਤੀ ਟੈਸਟ ਵਿਚ ਪ੍ਰਾਪਤ ਕੀਤੇ ਅੰਕ |
|---|---|---|---|
| 1) | ਜਨਰਲ (09) | ਜਨਰਲ ਵਰਗ ਵਿਚੋ | 224 ਤੋ 231 ਅੰਕਾਂ ਤੱਕ ਵਾਲੇ ਉਮੀਦਵਾਰ |
| 2) | ਸਾਬਕਾ ਫੌਜੀ (ਜਨਰਲ) (03) | | |
| 3) | ਖਿਡਾਰੀ (ਜਨਰਲ) (01) | | |
| 4) | ਸਾਬਕਾ ਫੌਜੀ (ਅ.ਜ.) (ਮ ਤੇ ਬ) (03) | ਅ.ਜ. (ਮ ਤੇ ਬ) ਵਰਗ ਵਿਚੋ | 172 ਤੋ 176 ਅੰਕਾਂ ਤੱਕ ਵਾਲੇ ਉਮੀਦਵਾਰ |
| 5) | ਖਿਡਾਰੀ (ਅ.ਜ.) (ਮ ਤੇ ਬ) (01) | | |
| 6) | ਖਿਡਾਰੀ (ਅ.ਜ.) (ਰ ਤੇ ਹ) (01) | ਅ.ਜ. (ਰ ਤੇ ਹ) ਵਰਗ ਵਿਚੋ | 200 ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ |

ਉਕਤ ਦਰਸਾਏ ਉਮੀਦਵਾਰ ਮਿਤੀ 20-10-2016 ਨੂੰ ਸਵੇਰੇ 10.00 ਵਜੇ ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਪੰਜਾਬ, ਪਰਿਵਾਰ ਕਲਿਆਣ ਭਵਨ, ਪਲਾਟ ਨੰ: 5, ਸੈਕਟਰ-34/ਏ, ਚੰਡੀਗੜ੍ਹ ਵਿਖੇ ਸਮੇਤ ਦੋ ਪਾਸਪੋਰਟ ਸਾਈਜ਼ ਫੋਟੋਆਂ, ਵਿਦਿਅਕ ਯੋਗਤਾ, ਜਾਤੀ ਸਰਟੀਫਿਕੇਟ, ਕੈਟਾਗਰੀ ਸਰਟੀਫਿਕੇਟ, ਅਤੇ ਰਿਹਾਇਸ਼ ਦੇ ਅਸਲ ਸਰਟੀਫਿਕੇਟ ਅਤੇ ਇਨਾਂ ਸਰਟੀਫਿਕੇਟਾਂ ਦੀਆਂ ਦੋ-ਦੋ ਫੋਟੋਕਾਪੀਆਂ ਤਸਦੀਕਸ਼ੁਦਾ ਲੈ ਕੇ ਹਾਜਰ ਹੋਣਾ ਯਕੀਨੀ ਬਣਾਉਣ। ਇਸ ਮੰਤਵ ਲਈ ਵੱਖਰੇ ਤੌਰ ਤੇ ਕੋਈ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਆਪਣੀ ਹਾਜਰੀ ਯਕੀਨੀ ਬਣਾਉਣਾ ਲਾਜਮੀ ਹੈ। ਗੈਰਹਾਜਰ ਹੋਣ ਦੀ ਸੂਰਤ ਵਿਚ ਇਸ ਸਬੰਧੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ ਅਤੇ ਉਮੀਦਵਾਰ ਦਾ ਭਰਤੀ ਸਬੰਧੀ ਕਲੇਮ ਮੰਨਿਆ ਨਹੀਂ ਜਾਵੇਗਾ। ਇਹ ਸੂਚਨਾਂ ਸਿਹਤ ਵਿਭਾਗ ਦੀ ਵੈਬਸਾਈਟਾਂ www.pbhealth.gov.in ਅਤੇ www.bfuhs.ac.in ਤੇ ਵੀ ਵੇਖੀ ਜਾ ਸਕੇਗੀ।

**ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ**